**ਨਵੇਂ ਸਾਲ ਦੀ ਸ਼ੁਰੂਆਤ ਤੇ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਨਸ਼ਿਆਂ ਅਤੇ ਮਾੜ੍ਹੇ ਅਨਸਰਾਂ ਖਿਲਾਫ ਵੱਡਾ ਐਕਸ਼ਨ**




**ਨਸ਼ੀਲੇ ਪਦਾਰਥਾਂ ਅਤੇ ਚੋਰੀ ਦੇ ਮੋਟਰਸਾਇਕਲ ਸਮੇਤ 29 ਵਿਅਕਤੀ ਕੀਤੇ ਕਾਬੂ**

**ਸ੍ਰੀ ਮੁਕਤਸਰ ਸਾਹਿਬ ( ) ਜਿਲ੍ਹਾ ਪੁਲਿਸ ਮੁਖੀ ਸ੍ਰੀ ਤੁਸ਼ਾਰ ਗੁਪਤਾ ਆਈ.ਪੀ.ਐਸ. ਦੀ ਅਗਵਾਈ ਹੇਠ ਜਿੱਥੇ ਮਾਘੀ ਮੇਲੇ ਦੇ ਸਬੰਧ ਵਿੱਚ ਪੁਖਤਾਂ ਪ੍ਰਬੰਧ ਕੀਤੇ ਜਾ ਰਹੇ ਹਨ। ਉਥੇ ਹੀ ਨਸ਼ਿਆਂ ਅਤੇ ਮਾੜ੍ਹੇ ਅਨਸਰਾਂ ਖਿਲਾਫ ਮੁਹਿੰਮ ਵਿੱਢੀ ਗਈ ਹੈ, ਜਿਸ ਤੇ ਪੁਲਿਸ ਵੱਲੋਂ ਵੱਖ-ਵੱਖ ਥਾਣਿਆ ਵਿੱਚ 1 ਜਨਵਰੀ ਤੋਂ 10 ਜਨਵਰੀ ਤੱਕ ਐਨ.ਡੀ.ਪੀ.ਐਸ. ਦੇ ਕੁੱਲ 12 ਮੁਕੱਦਮੇ ਦਰਜ ਕਰਕੇ 24 ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ, ਜਿਨ੍ਹਾਂ ਪਾਸੋਂ 70 ਕਿਲੋ ਚੂਰਾ ਪੋਸਤ, 108 ਨਸ਼ੀਲੀਆਂ ਗੋਲੀਆ, 2 ਕਿਲੋ ਅਫੀਮ ਅਤੇ 541 ਗ੍ਰਾਮ ਹੈਰੋਇਨ ਦੀ ਬ੍ਰਾਮਦਗੀ ਕੀਤੀ ਗਈ ਹੈ, ਇਸ ਦੇ ਨਾਲ ਹੀ ਪਿਛਲੇ 10 ਦਿਨਾਂ ਵਿੱਚ ਮੋਟਰਸਾਇਕਲ ਚੋਰ ਗਿਰੋਹ ਦੇ 5 ਵਿਅਕਤੀਆ ਖਿਲਾਫ ਕਾਰਵਾਈ ਕਰਦੇ ਹੋਏ ਚੋਰੀ ਦੇ 09 ਮੋਟਰਸਾਇਕਲ ਅਤੇ 02 ਸਕੂਟੀ ਬ੍ਰਾਮਦ ਕੀਤੀਆਂ ਗਈ ਹਨ ਅਤੇ ਜਿਨ੍ਹਾਂ ਵਿਅਕਤੀਆਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲਘਨਾਂ ਕੀਤੀ ਉਨ੍ਹਾਂ ਖਿਲਾਫ ਕਾਰਵਾਈ ਕਰਦੇ ਹੋਏ ਆਨਲਾਇਨ ਅਤੇ ਅਦਾਲਤੀ ਕੁੱਲ 1730 ਚਾਲਨ ਕੀਤੇ ਗਏ।**